## 2. ਅਸੈੱਸਮੈਂਟ ਕਰਵਾਉ

ਤੁਹਾਡੀ ਅਲੱਗ ਅਲੱਗ ਅਸੈੱਸਮੈਂਟ ਕਰਨ (ਅਨੁਮਾਨ ਲਗਵਾਉਣ) ਲਈ ਅਸੀਂ 2 ਵੱਖੋ ਵੱਖਰੇ ਡਾਕਟਰਾਂ ਜਾਂ ਨਰਸ ਪ੍ਰੈਕਟੀਸ਼ਨਰਾਂ ਦੀ ਮੰਗ ਕਰਦੇ ਹਾਂ। ਅਜਿਹਾ ਇਹ ਪੱਕਾ ਕਰਨ ਲਈ ਹੈ ਕਿ ਤੁਸੀਂ ਮੇਡ ਲਈ ਯੋਗ ਹੋ। ਅਸੀਂ ਹਰ ਇਕ ਨੂੰ "ਅਸੈੱਸਰ" ਕਹਿੰਦੇ ਹਾਂ।

ਤੁਹਾਡੇ ਫੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨੂੰ ਇਕ ਅਸੈੱਸਰ ਬਣਨ ਲਈ ਕਿਹਾ ਜਾ ਸਕਦਾ ਹੈ। ਦੂਜੀ ਅਸੈੱਸਮੈਂਟ ਦਾ ਪ੍ਰਬੰਧ ਸਾਡਾ ਮੇਡ ਆਫਿਸ ਕਰਦਾ ਹੈ। ਇਹ ਅਸੈੱਸਰ ਉਹ ਵਿਅਕਤੀ ਹੁੰਦਾ ਹੈ ਜਿਹੜਾ ਮੇਡ ਪ੍ਰਦਾਨ ਕਰਦਾ ਹੈ। ਜੇ ਲੋੜ ਹੋਵੇ ਤਾਂ ਅਸੀਂ ਦੋਨਾਂ ਅਸੈੱਸਰਾਂ ਦਾ ਪ੍ਰਬੰਧ ਕਰ ਸਕਦੇ ਹਾਂ, ਜੇ ਤੁਹਾਨੂੰ ਜਾਣਦੇ ਕੇਅਰ ਪ੍ਰੋਵਾਈਡਰਜ਼ ਵਿੱਚੋਂ ਕੋਈ ਵੀ ਅਸੈੱਸਮੈਂਟ ਪੂਰੀ ਕਰਨ ਦਾ ਖਾਹਸ਼ਮੰਦ ਨਾ ਹੋਵੇ।

ਦੋਨਾਂ ਅਸੈੱਸਰਾਂ ਦਾ ਇਸ ਗੱਲ ਨਾਲ ਸਹਿਮਤ ਹੋਣਾ ਜ਼ਰੂਰੀ ਹੈ ਕਿ ਤੁਸੀਂ ਸਾਰੇ ਮਾਪ ਦੰਡ ਪੂਰੇ ਕਰਦੇ ਹੋ। ਜੇ ਦੋਨਾਂ ਵਿੱਚੋਂ ਕਿਸੇ ਅਸੈੱਸਰ ਨੂੰ ਇਹ ਪੱਕਾ ਪਤਾ ਨਾ ਹੋਵੇ ਕਿ ਕੀ ਤੁਸੀਂ ਯੋਗ ਹੋ ਜਾਂ ਨਹੀਂ ਤਾਂ ਅਸੀਂ ਕਿਸੇ ਹੋਰ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨੂੰ ਤੁਹਾਨੂੰ ਦੇਖਣ ਲਈ ਕਹਿ ਸਕਦੇ ਹਾਂ।

## ਅਗਾਂਹ ਕੀ ਹੁੰਦਾ ਹੈ?

ਤੁਹਾਡੇ ਅਸੈੱਸਰ ਇਹ ਫੈਸਲਾ ਕਰਦੇ ਹਨ ਕਿ ਕੀ ਤੁਹਾਡੀ ਕੁਦਰਤੀ ਮੌਤ ਨੇੜ ਭਵਿੱਖ ਵਿਚ ਹੋਣ ਵਾਲੀ ਹੈ ਜਾਂ ਨਹੀਂ। ਜੇ ਉਹ ਇਸ ਗੱਲ 'ਤੇ ਸਹਿਮਤ ਹੁੰਦੇ ਹਨ ਕਿ ਮੌਤ ਛੇਤੀ ਹੋਣ ਦੀ ਸੰਭਾਵਨਾ ਹੈ ਤਾਂ ਪ੍ਰੋਸੀਜ਼ਰ ਕੀਤੇ ਜਾਣ ਤੋਂ ਪਹਿਲਾਂ ਉਡੀਕ ਕਰਨ ਦਾ ਕੋਈ ਸਮਾਂ ਨਹੀਂ ਹੈ। ਜੇ ਉਹ ਇਸ ਗੱਲ ਨਾਲ ਸਹਿਮਤ ਹੁੰਦੇ ਹਨ ਕਿ ਤੁਹਾਡੀ ਕੁਦਰਤੀ ਮੌਤ ਛੇਤੀ ਹੋਣ ਦੀ ਸੰਭਾਵਨਾ ਨਹੀਂ ਹੈ ਤਾਂ ਤੁਹਾਡੀ ਬੀਮਾਰੀ ਵਿਚ ਕਿਸੇ ਮਾਹਰ ਦੀ ਸਲਾਹ ਲੈਣਾ ਜ਼ਰੂਰੀ ਹੈ। ਜੇ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਮੇਡ ਹੋਣ ਤੋਂ ਪਹਿਲਾਂ ਤੁਹਾਡੇ ਲਈ ਫਿਰ 90 ਦਿਨ ਉਡੀਕ ਕਰਨਾ ਜ਼ਰੂਰੀ ਹੈ। ਉਡੀਕ ਦਾ ਸਮਾਂ ਤੁਹਾਡੀ ਪਹਿਲੀ ਮੈਡੀਕਲ ਅਸੈੱਸਮੈਂਟ ਦੀ ਤਾਰੀਕ ਤੋਂ ਸ਼ੁਰੂ ਹੁੰਦਾ ਹੈ।

## ਮੇਡ ਕਿੱਥੇ ਹੋ ਸਕਦਾ ਹੈ?

ਇਹ ਪ੍ਰੋਸੀਜ਼ਰ ਤੁਹਾਡੇ ਆਪਣੇ ਘਰ ਵਿਚ ਜਾਂ ਹਸਪਤਾਲ, ਹੌਸਪਿਸ, ਕੇਅਰ ਹੋਮ, ਜਾਂ ਕਿਸੇ ਵੀ ਉਸ ਥਾਂ 'ਤੇ ਹੋ ਸਕਦਾ ਹੈ ਜਿਹੜੀ ਤੁਹਾਡੇ ਲਈ ਅਰਥਪੂਰਨ ਹੈ।

ਸੰਭਾਲ ਕਰਨ ਵਾਲੀਆਂ ਕੁਝ ਥੋੜ੍ਹੀਆਂ ਜਿਹੀਆਂ ਥਾਂਵਾਂ ਮੇਡ ਸਰਗਰਮੀਆਂ ਕਰਨ ਦੀ ਆਗਿਆ ਨਹੀਂ ਦਿੰਦੀਆਂ। ਕਿਸੇ ਹੋਰ ਥਾਂ 'ਤੇ ਮੂਵ ਕੀਤੇ ਜਾਣ ਦਾ ਪ੍ਰਬੰਧ ਕਰਨ ਲਈ ਅਸੀਂ ਤੁਹਾਡੇ ਨਾਲ ਅਤੇ ਤੁਹਾਡੀ ਸੰਭਾਲ ਕਰਨ ਵਾਲੇ ਹੋਰਨਾਂ ਨਾਲ ਰਲ ਕੇ ਕੰਮ ਕਰਦੇ ਹਾਂ।

## ਕੀ ਮੈਂ ਆਪਣਾ ਮਨ ਬਦਲ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਕਾਰਵਾਈ ਦੌਰਾਨ ਕਿਸੇ ਵੀ ਪੋਆਇੰਟ 'ਤੇ ਆਪਣਾ ਮਨ ਬਦਲ ਸਕਦੇ ਹੋ – ਇੱਥੋਂ ਤੱਕ ਕਿ ਪ੍ਰੋਸੀਜ਼ਰ ਕੀਤੇ ਜਾਣ ਤੋਂ ਬਿਲਕੁਲ ਪਹਿਲਾਂ ਵੀ।

---

### ਜ਼ਿਆਦਾ ਜਾਣਕਾਰੀ ਲਈ

**ਮੇਡ ਕੇਅਰ ਕੋਆਰਡੀਨੇਸ਼ਨ ਸੈਂਟਰ**

ਮੇਡ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਜਾਂ ਜੇ ਤੁਸੀਂ ਮੇਡ ਰਿਕੁਐਸਟ ਰਿਕਾਰਡ ਫਾਰਮ ਚਾਹੁੰਦੇ ਹੋਵੋ:

ਫੋਨ ਕਰੋ: **604-587-7878**

ਈਮੇਲ ਕਰੋ: **mccc@fraserhealth.ca**

ਇਨ੍ਹਾਂ ਵੈੱਬ ਸਾਈਟਾਂ 'ਤੇ ਜਾਉ ਅਤੇ 'medical assistance in dying' ਸਰਚ ਕਰੋ, ਛੋਟਾ ਵੈੱਬ ਐਡਰੈਸ ਵਰਤੋ, ਜਾਂ ਕਿਉ ਆਰ ਕੋਡ ਸਕੈਨ ਕਰੋ

www.fraserhealth.ca
(tinyurl.com/y54oqbay)

www2.gov.bc.ca
(tinyurl.com/yxht7f49)

www.fraserhealth.ca

ਇਹ ਜਾਣਕਾਰੀ ਉਸ ਸਲਾਹ ਦੀ ਥਾਂ ਨਹੀਂ ਲੈਂਦੀ ਜਿਹੜੀ ਤੁਹਾਨੂੰ ਤੁਹਾਡੇ ਡਾਕਟਰ ਵਲੋਂ ਦਿੱਤੀ ਗਈ ਸੀ।

Catalogue #266106 (April 2021) Punjabi
To order: patienteduc.fraserhealth.ca

Punjabi

# Medical Assistance in Dying

# ਮਰਨ ਵਿਚ ਮੈਡੀਕਲ ਸਹਾਇਤਾ



CC0/twerdferg/Pixabay.com

fraserhealth

'ਮੈਡੀਕਲ ਅਸਿਸਟੈਂਸ ਇਨ ਡਾਇੰਗ' (ਜਿਸ ਨੂੰ ਆਮ ਤੌਰ 'ਤੇ ਮੇਡ ਆਖਿਆ ਜਾਂਦਾ ਹੈ) ਉਨ੍ਹਾਂ ਲੋਕਾਂ ਲਈ ਉਪਲਬਧ ਹੈ ਜਿਨ੍ਹਾਂ ਦੀਆਂ ਬੀਮਾਰੀਆਂ ਵਧ ਗਈਆਂ ਹਨ ਅਤੇ ਵਧ ਰਹੀਆਂ ਹਨ। ਮੇਡ ਦੇ ਨਾਲ ਨਾਲ ਹੋਰ ਸੰਭਾਲ ਵਿਚ ਵਿਅਕਤੀ ਨੂੰ ਆਰਾਮਦੇਹ ਰੱਖਣਾ, ਜ਼ਿੰਦਗੀ ਦੀ ਕੁਆਲਟੀ ਵਿਚ ਸੁਧਾਰ ਕਰਨਾ ਅਤੇ ਸੰਭਾਲ ਲਈ ਉਸ ਦੀਆਂ ਪਲੈਨਾਂ ਬਾਰੇ ਗੱਲ ਕਰਨਾ ਸ਼ਾਮਲ ਹੋ ਸਕਦੀਆਂ ਹਨ।

ਇਹ ਬਰੋਸ਼ਰ ਤੁਹਾਨੂੰ ਮੇਡ (ਮਰਨ ਵਿਚ ਮੈਡੀਕਲ ਸਹਾਇਤਾ) ਬਾਰੇ ਮੁਢਲੀ ਜਾਣਕਾਰੀ ਦਿੰਦਾ ਹੈ। ਅਸੀਂ ਤੁਹਾਨੂੰ ਆਪਣੀਆਂ ਇੱਛਾਵਾਂ ਬਾਰੇ ਆਪਣੇ ਪਿਆਰਿਆਂ ਨਾਲ ਗੱਲ ਕਰਨ ਲਈ ਉਤਸ਼ਾਹ ਦਿੰਦੇ ਹਾਂ। ਤੁਸੀਂ ਜੋ ਵੀ ਫੈਸਲਾ ਕਰੋ, ਅਸੀਂ ਤੁਹਾਡੀ ਉਹ ਸੰਭਾਲ ਕਰਨ ਲਈ ਹਾਂ ਜਿਸ ਦੀ ਤੁਹਾਨੂੰ ਲੋੜ ਹੈ ਅਤੇ ਤੁਹਾਡੀਆਂ ਚੋਣਾਂ ਦਾ ਆਦਰ ਕਰਨ ਲਈ ਹਾਂ।

## 'ਮਰਨ ਵਿਚ ਮੈਡੀਕਲ ਸਹਾਇਤਾ' ਕੀ ਹੈ?

ਇਹ ਕਿਸੇ ਵਿਅਕਤੀ ਦੀ ਜ਼ਿੰਦਗੀ ਦਾ ਅੰਤ ਕਰਨ ਦਾ ਇਕ ਕਾਨੂੰਨੀ ਤਰੀਕਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਕੋਈ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ, ਸਪਲਾਈਆਂ ਜਾਂ ਦਵਾਈ ਦਿੰਦਾ ਹੈ ਜਿਹੜੀ ਕਿਸੇ ਵਿਅਕਤੀ ਦੀ ਬੇਨਤੀ 'ਤੇ ਉਸ ਦੀ ਜ਼ਿੰਦਗੀ ਦਾ ਜਾਣ ਬੁੱਝ ਕੇ ਅੰਤ ਕਰਦੀ ਹੈ। ਮੇਡ ਪ੍ਰੋਸੀਜ਼ਰ ਕਰਨ ਦੀ ਸਿਰਫ ਕੁਝ ਖਾਸ ਡਾਕਟਰਾਂ ਅਤੇ ਨਰਸ ਪ੍ਰੈਕਟੀਸ਼ਨਰਾਂ ਨੂੰ ਹੀ ਆਗਿਆ ਹੈ।

## ਜੇ ਮੈਂ ਮੇਡ ਚਾਹਾਂ ਤਾਂ ਕੀ ਹੋਣਾ ਹੈ?

ਜੇ ਤੁਸੀਂ ਮੇਡ ਬਾਰੇ ਵਿਚਾਰ ਕਰ ਰਹੇ ਹੋਵੋ ਤਾਂ ਅਸੀਂ ਸੁਝਾਅ ਦਿੰਦੇ ਹਾਂ ਕਿ ਤੁਸੀਂ ਉਸ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨਾਲ ਗੱਲ ਕਰੋ ਜੋ ਤੁਹਾਡੇ ਇਲਾਜ ਲਈ ਸਭ ਤੋਂ ਜ਼ਿਆਦਾ ਜ਼ਿੰਮੇਵਾਰ ਹੈ। ਤੁਹਾਡੇ ਲਈ ਉਨ੍ਹਾਂ ਨਾਲ ਗੱਲ ਕਰਨਾ ਜ਼ਰੂਰੀ ਨਹੀਂ ਹੈ। ਜੇ ਤੁਸੀਂ ਤਰਜੀਹ ਦਿੰਦੇ ਹੋਵੋ ਤਾਂ ਤੁਸੀਂ ਸਾਡੇ ਸੈਂਟਰਲ ਮੇਡ ਆਫਿਸ ਨਾਲ ਸਿੱਧੇ ਵੀ ਸੰਪਰਕ ਕਰ ਸਕਦੇ ਹੋ।

ਕਾਨੂੰਨ ਇਹ ਆਗਿਆ ਦਿੰਦਾ ਹੈ ਕਿ ਕੋਈ ਹੈਲਥਕੇਅਰ ਪ੍ਰੋਵਾਈਡਰ (ਡਾਕਟਰ) ਮੇਡ ਵਿਚ ਹਿੱਸਾ ਨਾ ਲੈਣ ਦੀ ਚੋਣ ਕਰ ਸਕਦਾ ਹੈ। ਭਾਵੇਂ ਤੁਹਾਡਾ ਇਲਾਜ ਕਰਨ ਵਾਲੀ ਟੀਮ ਵਿਚਲਾ ਕੋਈ ਵੀ ਵਿਅਕਤੀ ਮੇਡ ਲਈ ਸਹਿਮਤ ਨਹੀਂ ਹੁੰਦਾ, ਪਰ ਉਨ੍ਹਾਂ ਲਈ ਤੁਹਾਡੀ ਬੇਨਤੀ ਦੇ ਕਾਰਜ ਵਿਚ ਤੁਹਾਡੀ ਮਦਦ ਕਰਨ ਲਈ ਕਿਸੇ ਨੂੰ ਲੱਭਣਾ ਜ਼ਰੂਰੀ ਹੈ।

## ਮੇਡ ਲਈ ਕੌਣ ਯੋਗ ਹੋ ਸਕਦਾ ਹੈ?

ਤੁਸੀਂ ਮੇਡ ਲਈ ਯੋਗ ਹੋ ਸਕਦੇ ਹੋ ਜੇ:

- ✓ ਤੁਹਾਨੂੰ ਕੋਈ ਗੰਭੀਰ ਅਤੇ ਲਾਇਲਾਜ ਮਰਜ਼, ਬੀਮਾਰੀ, ਜਾਂ ਅਪਾਹਜਤਾ ਹੈ।
- ✓ ਤੁਹਾਡੀ ਮੈਡੀਕਲ ਹਾਲਤ ਇਸ ਹੱਦ ਤੱਕ ਵਧ ਗਈ ਜਾਂ ਵਿਗੜ ਗਈ ਹੈ ਜਿੱਥੋਂ ਇਹ ਵਾਪਸ ਨਹੀਂ ਆ ਸਕਦੀ।
- ✓ ਤੁਹਾਡੀ ਮੈਡੀਕਲ ਹਾਲਤ ਨਾ ਝੱਲਣਯੋਗ ਹੋ ਗਈ ਹੈ।
- ✓ ਤੁਸੀਂ ਆਪਣੀ ਸਿਹਤ ਬਾਰੇ ਆਪਣੇ ਖੁਦ ਦੇ ਫੈਸਲੇ ਕਰਨ ਦੇ ਯੋਗ ਹੋ।
- ✓ ਕਿਸੇ ਨੇ ਵੀ ਕਿਸੇ ਵੀ ਵੇਲੇ ਤੁਹਾਡੇ ਉੱਪਰ ਮੇਡ ਕਰਵਾਉਣ ਲਈ ਪਰੈਸ਼ਰ ਜਾਂ ਅਸਰ ਨਹੀਂ ਪਾਇਆ।
- ✓ ਤੁਸੀਂ ਇਹ ਸਮਝਦੇ ਹੋ ਕਿ ਮਦਦ ਨਾਲ ਮਰਨ ਦਾ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਕੀ ਮਤਲਬ ਹੈ।
- ✓ ਤੁਸੀਂ ਦੋਨਾਂ ਅਸੈੱਸਮੈਂਟਾਂ ਦੇ ਸਮੇਂ ਇਹ ਜ਼ਾਹਰ ਕਰਨ ਦੇ ਯੋਗ ਹੋ ਕਿ ਤੁਸੀਂ ਕੀ ਚਾਹੁੰਦੇ ਹੋ।
- ✓ ਤੁਸੀਂ ਮੇਡ ਪ੍ਰੋਸੀਜ਼ਰ ਦੇ ਸਮੇਂ ਇਹ ਜ਼ਾਹਰ ਕਰਨ ਦੇ ਯੋਗ ਹੋ ਕਿ ਤੁਸੀਂ ਕੀ ਚਾਹੁੰਦੇ ਹੋ।*
- ✓ ਤੁਹਾਡੇ ਕੋਲ ਯੋਗ ਬੀ ਸੀ ਸਰਵਿਸਿਜ਼ ਕਾਰਡ ਹੈ ਜਾਂ ਤੁਸੀਂ ਕੈਨੇਡਾ ਵਿਚ ਹੈਲਥ ਕੇਅਰ ਲੈਣ ਦੇ ਯੋਗ ਹੋ।
- ✓ ਤੁਹਾਡੀ ਉਮਰ 18 ਸਾਲ ਜਾਂ ਜ਼ਿਆਦਾ ਹੈ।

ਕਿਸੇ ਵੀ ਵਿਅਕਤੀ ਲਈ ਕੈਨੇਡਾ ਦੇ ਮੇਡ ਲਈ ਕਾਨੂੰਨ ਵਿਚ ਤੈਅ ਕੀਤੇ ਗਏ ਸਾਰੇ ਮਾਪ ਦੰਡ ਪੂਰੇ ਕਰਨਾ ਜ਼ਰੂਰੀ ਹੈ।

*ਖਾਸ ਹਾਲਤਾਂ ਵਿਚ, ਕੋਈ ਵਿਅਕਤੀ ਮੇਡ ਕਰਵਾ ਸਕਦਾ ਹੈ ਭਾਵੇਂ ਉਸ ਨੇ ਅੰਤਿਮ ਸਹਿਮਤੀ ਦੇਣ ਦੀ ਸਮਰੱਥਾ ਗੁਆ ਵੀ ਲਈ ਹੋਵੇ।



## ਮੈਂ ਮੇਡ ਲਈ ਕਿਵੇਂ ਪੁੱਛ ਸਕਦਾ/ਸਕਦੀ ਹਾਂ?

**1. ਮੇਡ ਰਿਕੁਐਸਟ ਰਿਕਾਰਡ ਫਾਰਮ ਪੂਰਾ ਕਰੋ।**

ਇਨ੍ਹਾਂ ਵਿੱਚੋਂ ਕਿਸੇ ਤੋਂ ਫਾਰਮ ਲਉ:

- ਤੁਹਾਡੀ ਨਰਸ, ਡਾਕਟਰ, ਨਰਸ ਪ੍ਰੈਕਟੀਸ਼ਨਰ, ਜਾਂ ਸੋਸ਼ਲ ਵਰਕਰ
- ਸਾਡਾ ਮੇਡ ਆਫਿਸ
- ਬੀ.ਸੀ. ਮਨਿਸਟਰੀ ਔਫ ਹੈਲਥ
  tinyurl.com/y5z3grln 'ਤੇ ਜਾਉ ਜਾਂ ਪੀ ਡੀ ਐੱਫ ਫਾਇਲ ਡਾਊਨਲੋਡ ਕਰਨ ਲਈ ਇਹ ਕਿਊ ਆਰ ਕੋਡ ਸਕੈਨ ਕਰ

ਇਕ ਵਿਅਕਤੀ ਨੂੰ ਆਪਣੇ ਵਲੋਂ ਫਾਰਮ 'ਤੇ ਦਸਖਤ ਕਰਨ ਦੀ ਗਵਾਹੀ ਪਾਉਣ ਲਈ ਕਹੋ। ਤੁਹਾਡੇ ਅਤੇ ਗਵਾਹ ਲਈ ਇੱਕੋ ਦਿਨ, ਇੱਕੋ ਸਮੇਂ ਫਾਰਮ 'ਤੇ ਦਸਖਤ ਕਰਨਾ ਜ਼ਰੂਰੀ ਹੈ। ਗਵਾਹ ਦਾ 18 ਸਾਲ ਜਾਂ ਜ਼ਿਆਦਾ ਉਮਰ ਦਾ ਹੋਣਾ ਅਤੇ ਇਹ ਸਮਝਦੇ ਹੋਣਾ ਜ਼ਰੂਰੀ ਹੈ ਕਿ ਮੇਡ ਦੀ ਮੰਗ ਕਰਨ ਦਾ ਕੀ ਮਤਲਬ ਹੈ। ਗਵਾਹ ਕੋਈ ਪੈਸੇ ਲੈਣ ਵਾਲਾ ਪ੍ਰੋਫੈਸ਼ਨਲ ਕੇਅਰ ਪ੍ਰੋਵਾਈਡਰ ਹੋ ਸਕਦਾ ਹੈ। ਫਾਰਮ ਨੂੰ ਧਿਆਨ ਨਾਲ ਪੜ੍ਹੋ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਜਾਂ ਗਵਾਹ ਦੇ ਤੌਰ 'ਤੇ ਗਵਾਹੀ ਪਾਉਣ ਵਾਲਾ ਕੋਈ ਲੱਭਣ ਵਿਚ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ ਸਾਡੇ ਮੇਡ ਆਫਿਸ ਨਾਲ ਸੰਪਰਕ ਕਰੋ।

ਆਪਣਾ ਭਰਿਆ ਹੋਇਆ ਫਾਰਮ ਸੁਰੱਖਿਅਤ ਫੈਕਸ ਰਾਹੀਂ, ਕੈਨੇਡਾ ਪੋਸਟ ਜਾਂ ਈਮੇਲ (ਘੱਟ ਸੁਰੱਖਿਅਤ) ਰਾਹੀਂ ਸਾਡੇ ਸੈਂਟਰਲ ਮੇਡ ਆਫਿਸ ਨੂੰ ਭੇਜੋ।

ਜੇ ਤੁਸੀਂ ਫਰੇਜ਼ਰ ਹੈਲਥ ਤੋਂ ਬਾਹਰ ਰਹਿੰਦੇ ਹੋ ਤਾਂ ਹੋਰ ਬੀ ਸੀ ਹੈਲਥ ਅਥਾਰਟੀਆਂ (ਵੈਨਕੂਵਰ ਆਈਲੈਂਡ, ਵੈਨਕੂਵਰ ਕੋਸਟਲ ਹੈਲਥ, ਇਨਟੀਰੀਅਰ ਹੈਲਥ, ਨੌਰਦਰਨ ਹੈਲਥ) ਵਿਚ ਮੇਡ ਕੇਅਰ ਕੋਆਰਡੀਨੇਸ਼ਨ ਸੈਂਟਰ ਹਨ। ਸੰਪਰਕ ਕਰਨ ਬਾਰੇ ਜਾਣਕਾਰੀ ਲਈ ਉਨ੍ਹਾਂ ਦੇ ਵੈੱਬਸਾਈਟ 'ਤੇ ਜਾਉ, ਜਾਂ ਸਾਡੇ ਨਾਲ ਸੰਪਰਕ ਕਰੋ ਅਤੇ ਅਸੀਂ ਤੁਹਾਨੂੰ ਉਨ੍ਹਾਂ ਨਾਲ ਜੋੜ ਸਕਦੇ ਹਾਂ।



over ਪਰਤੋ...